ੴ ਸਤਿਗੁਰ ਪ੍ਰਸਾਦਿ ॥

# ਹਾਏ-ਪੰਜਾਬੀ-ਹਾਏ !!!

## ਵਿਦਿਆ ਵੀਚਾਰੀ ਤਾਂ ਪਰ ਪਰਉਪਕਾਰੀ॥

**www.sikhworld.info**

Donation : A/c HDFC : IFSC 0000450
04501570003814

ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲੇਖਕ: ਜਸਬੀਰ ਸਿੰਘ Ph. : (0172-2696891), 09988160484

Type Setting : Radheshyam Choudhary Mob. 09814966882

Guru's : Sahidi, Hindi Booklet, Punjabi Booklet, English Booklet, Life Style, Mitra Mandali, Gurbani Ukakashari & Gurbani Selected Tukan

Download Free

# ਹਾਏ-ਪੰਜਾਬੀ-ਹਾਏ

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਸਮੇਂ ਸਰਕਾਰੀ ਬੋਲੀ ਫ਼ਾਰਸੀ ਹੁੰਦੀ ਸੀ ਜੋ ਕਿ ਮਹਾਰਾਜਾ ਰਣਜੀਤ ਸਿੰਘ ਤਕ ਰਹੀ। ਜਦੋਂ ਅੰਗ੍ਰੇਜ਼ਾਂ ਨੇ ਭਾਰਤ ਤੇ ਸ਼ਮਾਨ ਕੀਤਾ ਤਾਂ ਸਰਕਾਰੀ ਬੋਲੀ ਅੰਗ੍ਰੇਜ਼ੀ ਬਣ ਗਈ। ਸੁਅਭਾਵਿਕ ਹੀ ਹੈ 'ਜਿਸ ਦਾ ਰਾਜ ਉਸੀ ਦਾ ਤੇਜ' ਦੀ ਕਹਾਵਤ ਅਨੁਸਾਰ ਹੀ ਜਨ-ਸਧਾਰਣ ਦੀ ਜੀਵਨ ਸ਼ੈਲੀ ਬਦਲ ਜਾਂਦੀ ਹੈ।

ਵਰਤਮਾਨ ਕਾਲ ਵਿਚ ਲਗਭਗ ਹਿੰਦੀ ਬੋਲੀ ਜਾਣਨ ਵਾਲੀਆਂ ਦੀ ਗਿਣਤੀ 70 ਕਰੋੜ ਤੋਂ ਵੀ ਉਪਰ ਹੈ। ਇਸ ਲਈ ਇਸ ਬੋਲੀ ਦੇ ਮਾਨਤਾ ਨੂੰ ਨਿਕਾਰਿਆ ਨਹੀਂ ਜਾ ਸਕਦਾ ਕਿਉ ਕਿ ਇਹ ਬੋਲੀ ਭਾਰਤ ਦੀ ਇਸ ਸਮੇਂ ਆਮ ਜਨਤਾ ਦੀ ਬੋਲੀ ਬਣ ਚੁਕੀ ਹੈ। ਜੇਕਰ ਆਪਨੇ ਕੋਈ ਸੰਦੇਸ਼ ਲੋਕਾਂ ਤਕ ਪਹੁਚਾਣਾਂ ਹੈ ਤਾਂ ਇਹ ਬੋਲੀ ਜਿਆਦਾ ਲਾਹਏ ਵੰਦ ਹੈ, ਬਲਕਿ ਕਿ ਅੰਗ੍ਰੇਜ਼ੀ ਯਾ ਪ੍ਰਦੇਸਿਕ ਭਾਸ਼ਾਵਾਂ ਦੇ। ਇਸ ਲਈ ਇਸ ਦਾ ਇਸਤੇਮਾਲ ਸਹਿਜੇ ਹੀ ਟੀਚਾ ਪੂਰਾ ਕਰਦਾ ਹੈ। ਸਾਨੂੰ ਇਸ ਸੱਚਾਈ ਨੂੰ ਮਨ ਲੈਣਾ ਚਾਹਿਦਾ ਹੈ।

ਪੰਜਾਬ ਦੇ ਸਿੱਖਾਂ ਵਿਚ ਇਕ ਗਲਤ ਧਾਰਣਾਂ ਮਨ ਵਿਚ ਬੈਠ ਗਈ ਹੈ ਕਿ ਹਰਇਕ ਸਿੱਖ ਮਨੁੰਖ ਨੂੰ ਗੁਰਮੁਖੀ ਲਿਪੀ ਆਉਦੀ ਜਰੂਰੀ ਹੈ ਨਹੀਂ ਤਾਂ ਉਹ ਗੁਰਮਤਿ ਸਹਿਤ ਪੜ ਨਹੀਂ ਸਕਣਗੇ। ਇਸ ਲਈ ਓਹ ਸਿੱਖ ਸਹਿਜੇ-ਸਹਿਜੇ ਸਿੱਖੀ ਤੋਂ ਦੂਰ ਪਤਨ ਦੀ ਤਰਫ ਵਦਦੇ ਹੀ ਜਾਣਗੇ। ਭਾਵਾਰਥ ਇਹ ਹੋਇਆ ਕਿ ਜੇਕਰ ਸਿੱਖ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਦਾ ਗਿਆਨ ਨਹੀਂ ਰਖਦਾ ਤਾਂ ਉਹ ਸਿੱਖ ਨਹੀਂ।

ਅਸਲ ਵਿਚ ਇਹ ਗਲ ਇਸ ਵਿਚਾਰ ਤੋਂ ਬਿਲਕੁਲ ਉਲਟ ਹੈ। ਪ੍ਰਤਖ ਨੂੰ ਪਰਮਾਣ ਦੀ ਲੋੜ ਨਹੀਂ ਹੁੰਦੀ। ਪੰਜਾਬ ਦੇ ਮੂਲ ਨਿਵਾਸੀ ਸਿੱਖਾਂ ਵਿਚ ਜਿਆਦਾਤਰ ਗੁਰਮਤਿ ਵਿਰੋਧੀ ਕਰਮ ਕਰਦੇ ਜਾਂਦੇ ਹਨ ਅਤੇ ਉਨ੍ਹਾਂ ਦੀ ਯੁਵਾ ਪੀੜੀ ਪਤਨ ਦੀ ਤਰਫ ਵਦਦੀ ਹੀ ਚਲੀ ਜਾ ਰਹੀ ਹੈ ਜਦੋਂਕਿ ਓਹ ਲੋਕ ਪੰਜਾਬੀ ਅਤੇ ਗੁਰਮੁਖੀ ਲਿਖੀ ਦੋਨੋਂ ਜਾਣਦੇ ਹਨ। ਓਹਲੋਕ ਸਿੱਖ ਜੀਵਨ ਸੈਲੀ ਤੋਂ ਵੀ

ਭਲੀ ਭਾਤਿ ਜਾਣੂ ਹਨ, ਪਰ ਇਨ੍ਹਾਂ ਵਿਚ ਜਿਆਦਾਤਰ ਲੋਕਾਂ ਵਿਚ ਗੁਰਮਤਿ ਗਿਆਨ ਪ੍ਰਾਪਤ ਕਰਣ ਅਤੇ ਉਸ ਦੇ ਅਧਾਰ ਤੇ ਜੀਵਨ ਜੀਣ ਦੀ ਇੱਛਾ ਸ਼ਕਤੀ ਹੈ ਹੀ ਨਹੀਂ। ਜਦੋਂ ਕਿ ਦੂਸਰੇ ਸੁਣਿਆਂ ਵਿਚ ਵਸਣ ਵਾਲੇ ਸਿੱਖ ਲੋਕਾਂ ਵਿਚ ਬਹੁਤ ਜਾਗਰੁਤਾ ਹੈ ਓਹ ਆਪਣੇ ਬੱਚਿਆਂ ਨੂੰ ਸਥਾਨਿਕ ਬੋਲਿਆਂ ਅਤੇ ਲਿਪੀਆਂ ਵਿਚ ਗੁਰਮਤਿ ਗਿਆਨ ਦੇਂਦੇ ਹਨ ਅਤੇ ਦ੍ਰਿੜ ਸੰਕਲਪ ਨਾਲ ਸਿੱਖੀ ਸੁਅਰੂਪ ਅਤੇ ਸਿਧਾਂਤਾਂ ਤੇ ਪਹਰਾ ਦੇਂਦੇ ਹਨ। ਉਨ੍ਹਾਂ ਲੋਕਾਂ ਵਿਚ ਪਤਿਤ ਮਨੁੰਖ ਢੂਢਣੇ ਤੇ ਵੀ ਨਹੀਂ ਮਿਲਦਾ!

ਜੇਕਰ ਪੰਜਾਬੀ ਦੀ ਗਿਆਨ ਸਿੱਖੀ ਦਾ ਮੂਲ ਮੰਤ੍ਰ ਹੁੰਦਾ ਤਾਂ ਪਾਕਿਸਤਾਰ ਦੇ ਪੰਜਾਬੀਆਂ ਨੂੰ ਤਾਂ ਸਿੱਖ ਹੋ ਜਾਣਾ ਚਾਹਿਦਾ ਸੀ ਕਿਉਂਕਿ ਓਹ ਸਾਡੇ ਤੋਂ ਕਿਤੇ ਚੰਗੀ ਪੰਜਾਬੀ ਪੰਜਾਬੀ ਬੋਲਦੇ ਅਤੇ ਜਾਣਦੇ ਹਨ। ਗਲ ਇਥੇ ਹੀ ਖ਼ਤਮ ਨਹੀਂ ਹੁੰਦੀ। ਜਦੋਂ ਫੌਜ ਨੇ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹਮਲਾ ਕੀਤਾ ਤਾਂ ਅਮ੍ਰਿਤਸਰ ਦੇ ਮੂਲ ਨਿਵਾਸੀ 'ਮਹਾਸ਼ਾ' ਲੋਕਾਂ ਨੇ ਫੋਜ ਦੀ ਅਗਵਾਨੀ ਕੀਤੀ ਅਤੇ ਉਨ੍ਹਾਂ ਨੂੰ ਮਿਠੀਆਈਆਂ ਵਡੀਆਂ ਜੇਕਰ ਪੰਜਾਬੀ ਬੋਲੀ ਯਾ ਗੁਰਮਖੀ ਸਿੱਖੀ ਹੁੰਦੀ ਤਾਂ ਇਨ੍ਹਾਂ ਲੋਕਾਂ ਨੂੰ ਤਾਂ ਸਿੱਖ ਹੋਜਾਣਾ ਚਾਹਿਦਾ ਸੀ। ਕਿਉਂਕਿ ਓਹ ਸਾਰੇ ਤਾਂ ਸਿੱਖ ਪਰੰਪਰਾ ਚੰਗੀ ਤਰ੍ਹਾਂ ਜਾਣ ਦੇ ਸਨ!

ਹੁਣ ਅਸੀ ਉਨ੍ਹਾਂ ਸਿੱਖਾਂ ਦੀ ਗਲ ਕਰਾਗੇ ਜੋ ਕਦੀ ਵੀ ਪੰਜਾਬ ਨਹੀਂ ਆਏ ਅਤੇ ਓਹ ਪੰਜਾਬੀ ਬੋਲੀ ਦਾ ਵੀ ਗਿਆਨ ਨਹੀਂ ਰਖਦੇ ਅਸਲ ਵਿਚ ਓਹ ਮੂਲਰੂਪ ਵਿਚ ਅਮੇਰਿਕਨ ਨਾਗਰਿਕ ਹਨ ਪਰ ਸਿੱਖੀ ਤੇ ਅਥਾਹ ਸ਼੍ਰੱਧਾ ਭਗਤੀ ਰਖਦੇ ਹਨ ਭਾਵ ਓਹ ਸਾਥੋ ਕਿਤੇ ਅਗੇ ਹਨ।

ਇਸ ਤੋਂ ਇਲਾਵਾਂ ਜੇਕਰ ਸੰਸਾਰ ਅਤੇ ਭਾਰਤ ਵਿਚ ਹੀ ਵੇਖਿਏ ਤਾਂ ਜਿਥੇ ਕਸ਼ਮੀਰ ਤੋਂ ਕਨਿਆ ਕੁਮਾਰੀ ਤਕ ਬਹੁਤ ਸਾਰੇ ਲੋਕ ਅਲਗ-ਅਲਗ ਧਾਰਮਿਕ ਵਿਸ਼ਵਾਸਾ ਨਾਲ ਜੀਵਨ ਜੀ ਰਹੇ ਹਨ ਪਰ ਕਿਸੀ ਨੇ ਵੀ ਨਹੀਂ ਕਹਿਆ ਕਿ ਅਸੀਂ ਸੰਸਕ੍ਰਿਤ ਨਹੀਂ ਜਾਣਦੇ ਤਾਂ ਅਸੀ ਹਿੰਦੂ ਨਹੀਂ ਯਾ ਅਸੀ ਅਰਬੀ ਨਹੀਂ ਜਾਣਦੇ ਤਾਂ ਅਸੀ ਮਸਲਿਮ ਨਹੀਂ ਰਹੇ ਆਦਿ। ਇਹ ਸਾਰੇ ਲੋਕ ਸਥਾਨਿਕ ਭਾਂਸ਼ਾਵਾਂ ਵਿਚ ਹੀ ਅਪਣਾ ਧਾਰਮਿਕ ਸਾਹਿਤ ਪੜਦੇ ਅਤੇ ਲਿਖਦੇ ਹਨ ਅਤੇ ਵਦਦੇ-ਫੂਲਦੇ ਹਨ। ਕਿ ਤਰ੍ਹਾਂ ਸਿੱਖ ਲੋਕ ਵੀ ਸਥਾਨਿਕ ਬੋਲੀਆਂ ਵਿਚ ਉਨੱਤੀ ਨਹੀਂ ਕਰ ਸਕਦੇ?

ਜਿਆਦਾਤਰ ਪੰਜਾਬ ਦੇ ਸਿੱਖਾਂ ਨੂੰ ਹਿੰਦੀ ਭਾਸ਼ਾ ਤੋਂ ਚਿੜ ਹੋ ਗਈ ਹੈ। ਓਹ ਲੋਕ ਪਹਿਲਾਂ ਤਾਂ ਗੁਰਮਤਿ ਦਾ ਸਾੱਹਿਤ ਤਿਆਰ ਹੀ ਨਹੀਂ ਕਰਦੇ, ਜੇਕਰ ਕੋਈ ਇਹ ਕ੍ਰਮ ਕਾਰਦਾ ਵੀ ਹੈ ਤਾਂ ਉਹ ਸਿਰਫ ਪੰਜਾਬੀ ਵਿਚ ਹੀ ਕਦੀ-ਕਦਾਈ ਕਿਸੀ ਬੁੱਧਿਜੀਵਿ ਨੇ ਕੋਈ ਸਾਹਿਤ ਅੰਗ੍ਰੇਜ਼ੀ ਅਤੇ ਪੰਜਾਬੀ ਦੋਨਾਂ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਕਰਵਾਇਆ ਹੈ ਤਾਂ ਅੰਗ੍ਰੇਜ਼ੀ ਜਨ-ਸਾਧਾਰਣ ਦੀ ਭਾਸ਼ਾ ਨਾ ਹੋਣ ਦੇ ਕਾਰਣ ਉਸ ਦਾ ਪ੍ਰਭਾਵ ਦੇਖਣ ਨੂੰ ਨਹੀਂ ਮਿਲਦਾ, ਕਿਉਕਿ ਲਗਭਗ ਅੱਸੀ (8●) ਕਰੋੜ ਲੋਕ ਹਿੰਦੀ ਭਾਸ਼ਾ ਨੂੰ ਹੀ ਖੜਨਾਂ ਲਿਖਣਾਂ ਚਾਣ ਦੇ ਹਨ। ਜਿਨ੍ਹਾਂ ਤਕ ਇਹ ਸਾਹਿਤ ਕਦੀ ਵੀ ਨਹੀਂ ਪਹੁੰਚ ਦਾ। ਜਦੋਂ ਕਿ ਉਨ੍ਹਾਂ ਲੋਕਾਂ ਦੇ ਮਨ ਵਿਚ ਸਿੱਖ ਗੁਰੂਜਨ੍ਹਾਂ ਅਤੇ ਸਿੱਖ ਘਲੁਘਾਰੀਆਂ ਦੇ ਇਤਿਹਾਸ ਦੇ ਬਾਰੇ ਜਾਣਦੇ ਦੀ ਤੀਵਰ ਜਿਗਿਆਸਾ ਰਹਿੰਦੀ ਹੈ। ਸਾਰੇ ਦੇਸ਼ ਵਿਚ ਇਸ ਸਮੇਂ ਆਮ ਜਨਤਾ ਦੀ ਬੋਲੀ ਹਿੰਦੀ ਹੈ ਜੇਕਰ ਅਸੀ ਅਪਣੀ ਗਲ ਲੋਕਾਂ ਤਕ ਪਹੁੰਚਣਾਂ ਚਾਹੁੰਦੇ ਹਾਂ ਤਾ ਸਾਨੂੰ ਅਪਣਾਂ ਸਾਹਿਤ ਦੁਜਿਆਂ ਬੋਲਿਆਂ ਵਿਚ ਵੀ ਛਪਵਾਣਾਂ ਚਾਹੀਦਾ ਹੈ। ਜਿਸ ਨਾਲ ਅਸੀ ਇਕ-ਦੁਸਰੇ ਦੇ ਨਿਕਟ ਆ ਸਕਿਏ। ਖਾਸ ਕਰਦੇ ਅਸੀ ਜੇਕਰ ਹਿੰਦੀ ਭਾਸ਼ਾ ਨੂੰ ਸਿੱਖ (ਗੁਰਮਤਿ) ਸਾਹਿਤ ਦਾ ਮਾਧਇਅਮ ਬੜਾਇਹੇ ਤਾਂ ਓਹ ਜਿਆਦਾ ਲੋਕ ਪ੍ਰਿਏ ਹੋਇਗਾ ਤਾਂ ਹੀ ਸਾਡਾ ਟੀਚਾ ਸਫਲ ਹੋਏਗਾ। ਹੁਣ ਤਕ ਤਾਂ ਇਹੀ ਵੇਖਿਆ ਜਾਂਦਾ ਹੈ "ਅੰਨਾਂ ਵੰਡੇ ਕੇਵੜੀਆਂ ਮੁੜ-ਮੁੜ ਅਪਣੀਆਂ ਨੂੰ ਹੀ ਦੇਵੇ" ਇਸ ਤਰ੍ਹਾਂ ਸਾਡੇ ਕੀਤੇ ਗਏ ਯਤਨ ਸਫਲ ਨਹੀਂ ਹੁੰਦੇ, ਕਿਉਂਕਿ ਗੁਰਮਤਿ ਸਾਹਿਤ ਪ੍ਰਾਪਤ ਕਰਦੇ ਵਾਲਾ ਇਹ ਕਹਿੰਦਾ ਵੇਖਿਆ ਜਾਂਦਾ ਹੈ ਕਿ ਮੈਂ ਤਾਂ ਇਸ ਵਿਸ਼ੇ 'ਚ ਪਹਿਲਾਂ ਤੇ ਹੀ ਜਾਣ ਦਾ ਹਾਂ। ਮੇਰਾ ਜ਼ਾਤੀ ਤੋਰ ਤੇ ਇਹ ਹੀ ਤਰਜੁਰਬਾ ਹੈ।

ਇਸ ਲਈ ਮੇਰੀ ਸਿੱਖ ਬੁੱਧਿਜੀਵੀਆਂ ਅਗੇ ਬੇਨਤੀ ਹੈ ਕਿ ਸਮਾਂ ਰਹਿੰਦਾ ਅਪਣਾਂ ਗੁਰਮਤਿ ਸਹਿਤ ਦੇਸੀ ਅਤੇ ਵਿਦੇਸੀ ਭਾਸ਼ਾਵਾਂ ਵਿਚ ਜਲਦੀ ਅਨੁਵਾਦ ਕਰਵਾ ਕੇ ਵਿਸ਼ਵ ਭਰਦੇ ਉਨ੍ਹਾਂ ਸਾਰੇ ਜਿਗਿਆਸੁਆਂ ਤਕ ਪਹੁਚਾਉਣ ਦਾ ਕਮ ਕਰੀਏ ਜੋ ਲੋਕ ਸਿੱਖ ਪਰੰਪਰਾਵਾਂ ਅਤੇ ਸਿੱਖ ਗੁਰੂਜਨਾਂ ਦੇ ਉਪਦੇਸ਼ਾਂ ਨੂੰ ਜਾਣਨੇ ਦੀ ਤੀਵਰ ਇੱਛਾਂ ਰਖਦੇ ਹਨ।

ਸਾਡੇ ਕੋਲ ਕੁਝ ਇਸ ਤਰ੍ਹਾਂ ਦੇ ਸਬੂਤ ਹਨ ਜਿਨ੍ਹਾਂ ਦੁਜੇ ਲੋਕਾਂ ਨੇ ਗੁਰਮਤਿ ਸਾਹਿਤ ਪੜਿਆਂ ਓਹ ਮਨ ਕਰਕੇ ਸਿੱਖ ਹੋਕਰ ਰਹ ਗਏ, ਜਿਸ ਤਰ੍ਹਾਂ ਕਿ-ਆਰਿਆ ਸਮਾਜੀ ਹਿੰਦੁ ਲਾਲਾ ਦੌਲਤ ਰਾਏ, ਇਨ੍ਹਾਂ ਨੂੰ ਦਰੁਗਿਆਨਾ ਮੰਦਿਰ ਅਮ੍ਰਿਤਸਰ ਕਮੇਟੀ ਨੇ ਇਕ ਮੰਤਵ ਦਿਤਾ ਸੀ ਕਿ ਆਪਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਰਤਾਂਤ ਵਿਚੋਂ ਕੁਝ ਖਾਮਿਆਂ ਢੂਢਦਰ ਸਿੱਖ ਪੰਥ ਪਰ ਤੋਮਤਾਂ ਲਗਾ ਕੇ ਉਨ੍ਹਾਂ ਦੀ ਨਿੰਦਾ ਲਿਖੇ। ਪਰ ਜਦੋਂ ਉਨ੍ਹਾਂ ਨੇ ਗੁਰੂਜੀ ਦਾ ਜੀਵਨ ਵਰਤਾਂਤ ਵਿਚੋਂ ਕੁਝ ਖਾਮਿਆਂ ਢੂਢਦਰ ਸਿੱਖ ਪੰਥ ਪਰ ਤੌਮਤਾਂ ਲਗਾ ਦੇ ਉਨ੍ਹਾਂ ਦੀ ਨਿੰਦਾ ਲਿਖੇ। ਪਰ ਜਦੋਂ ਉਨ੍ਹਾਂ ਨੇ ਗੁਰੂਜੀ ਦਾ ਜੀਵਨ ਵਰਤਾਂਤ ਪੜਿਆ ਤਾਂ ਉਹ ਗੁਰੂਦੇਵ ਜੀ ਦੇ ਆਸ਼ਿਕ ਬਣ ਕੇ ਰਹੇ ਗਏ। ਤਾਂ ਉਨ੍ਹਾਂ ਨੇ ਇਕ ਪੁਸਤਕ ਰਚੀ ਜਿਸ ਦਾ ਨਾਂ "ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ" ਰਖਿਆ। ਇਹ ਪੁਸਤਕ ਮੂਲ ਰੂਪ ਵਿਚ ਉਰਦੂ ਵਿਚ ਹੈ। ਇਸ ਸਮੇਂ ਇਹ ਅੰਗ੍ਰੇਜ਼ੀ ਪੰਜਾਬੀ ਅਤੇ ਹਿੰਦੀ ਵਿਚ ਵੀ ਉਪਲਬਧ ਹਨ। ਸਿੱਖ ਜਗਤ ਵਿਚ ਇਸ ਪੁਸਤਕ ਨੂੰ ਅਨਮੋਲ ਰਤਨ ਜਾਣਿਆ ਜਾਂਦਾ ਹੈ। ਠੀਕ ਇਸ ਤਰ੍ਹਾਂ ਹਿੰਦੂ ਜਗਤ ਦੇ ਮਹਾਨ ਆਚਾਰਿਆ ਸ੍ਰੀ ਰਾਮ ਤੀਰਥ ਡੰਡੀ ਅੰਨਿ ਆਸੀ ਜੀ ਨੇ ਬਹੁਤ ਆਧਿਆਤਮਿਕ ਗਿਆਨ ਦੀਆਂ ਪੁਸਤਕਾਂ ਰਚਿਆਂ ਪਰ ਜਦੋਂ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਆਨ ਕੀਤਾ ਤਾਂ ਓਹ ਅਚੰਬੇ ਵਿਚ ਵਿਚਰਣ ਕਰਣ ਲਗੇ ਅਤੇ ਉਹ ਬੋਲੇ ਕਾਸ਼ ਮੈਂਨੇ ਇਹ ਗ੍ਰੰਥ ਪਹਿਲਾਂ ਪਾੜਿਆ ਹੁੰਦਾ ਤਾਂ ਮੇਰੇ ਜੀਵਨ ਦੇ ਬਹੁਤ ਸਾਰੇ ਅਮੁਲ ਸਾਲ ਜ਼ਾਇਆ ਨ ਜਾਂਦੇ। ਉਨ੍ਹਾਂ ਨੇ ਕਹਾ ਗੁਰੂ ਗ੍ਰੰਥ ਸਾਹਿਬ ਅਧਿਆਤਮਿਕ ਗਿਆਨ -ਗਿਆਨ ਕਾ ਸੰਪੂਰਣ ਗ੍ਰੰਥ ਹੈ। ਤਾਂ ਉਨ੍ਹਾਂ ਨੇ ਇਕ ਛੋਟੇ ਅਕਾਰ ਦੀ ਪੁਸਤਕ ਲਿਖੀ ਜਿਸ ਦਾ ਨਾਂ ਰਖਿਆ "ਸ੍ਰਵੋਤਮ ਗ੍ਰੰਥ ਸ੍ਰੀ ਗੁਰੂ ਸਾਹਿਬ" ਇਸ ਤੋਂ ਯਾਦ ਉਨ੍ਹਾਂ ਨੇ ਆਪਣੀ ਬਾਕੀ ਦੇ ਮੁਆਸਾਂ ਦੀ ਪੂੰਜੀ ਨੂੰ ਸਫਲ ਕਰਨੇ ਦੇ ਲਈ ਸਿੱਖੀ ਸੂਅਰੂਪ ਧਾਰਣ ਕਰ ਅਮ੍ਰਿਤ ਪਾਲ ਕਰ ਲਿਆ। ਇਸਦੇ ਅਤਿਰਿਕਤ ਅੰਗ੍ਰੇਜ਼ ਲਿਖਾਰੀ ਕਲੀਘਮ ਅਤੇ ਮੇਕਾਲਫ 'ਸ਼ਹੀਦੇ ਗੰਜਾਂ' ਦਾ ਲਿਖਾਰੀ ਅਲੱਗ ਯਾਰ ਖਾਂ ਇਤਿਆਦਿ ਵਰਣਨ ਯੋਗ ਹਨ।

ਸਿੱਖਾਂ ਵਿਚ ਗੁਰੂ ਦਾ ਲੰਗਰ ਵਡਣ ਤੇ ਬੇਅੰਤ ਧਨ ਖਰਚ ਕੀਤਾ ਜਾਂਦਾ ਹੈ ਪਰ ਦੇਸ਼ ਵਾਸੀਆਂ ਦੀ ਜਿਗਿਆਸਾ ਸ਼ਾਂਤ ਕਰਣੇ ਲਈ ਸਮੇਂ-ਸਮੇਂ ਨਗਰ ਕੀਰਤਨਾਂ ਵਿਚ ਕੋਈ ਵੀ ਉਸ ਪਰਵ ਦੇ ਵਿਸ਼ੇ 'ਚ ਛੋਟੇ ਕਿਤਾਬਸੇ ਦੇ ਰੂਪ ਵਿਚ ਗੁਰਮੀਤ ਸਾਹਿਤ ਨਹੀਂ ਵੰਡਿਆ ਜਾਂਦਾ। ਇਸ ਤਰ੍ਹਾਂ ਸਿਖਾਂ ਦੁਆਰਾ ਵੰਡਿਆ ਗਿਆ ਨੰਗਰ ਸਿੱਖੀ ਪ੍ਰਚਾਰ-ਪ੍ਰਸਾ ਦੀ ਕ੍ਰਿਆ ਵਿਚ ਵਿਸ਼ੇਸ ਲਾਭ ਨਹੀਂ ਪਹੁੰਚਾਉਂਦਾ। ਜੇਕਰ ਇਸ ਖਰਚ ਕੀਤੇ ਗਏ ਧਨ ਦਾ ਦਸਵਾਂ ਹਿਸਾ ਵੀ ਗੁਰਮਤਿ ਸਾਹਿਤ ਵੰਡਣ ਤੇ ਖਰਚ ਕੀਤਾ ਜਾਵੇ ਤਾਂ ਸਾਡੇ ਵਿਰੋਧੀ ਸਾਡੇ ਮਿਤ੍ਰ ਬਣ ਜਾਣੇ ਸਨ। ਸਾਨੂੰ ਹੋਰ ਕੁਝ ਨਹੀਂ

ਕਰਣਾਂ ਸੀ ਸਿਰਫ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਸ਼ਹੀਦੀ ਵਰਤਾਂਤ ਨੂੰ ਹਿੰਦੀ ਵਿਚ ਛੋਟੇ-ਟ੍ਰੈਕਟ ਦੇ ਰੂਪ ਵਿਚ ਘਰ-ਘਰ ਪਹੁੰਚਾਉਣਾਂ ਸੀ। ਇਸ ਕਰਮ ਨਾਲ ਸਾਡੇ ਵਿਰੋਧਿਆਂ ਦੀ ਕਮਰ ਟੁਟ ਜਾਣੀ ਸੀ ਅਤੇ ਉਨ੍ਹਾਂ ਆਕ੍ਰਿਤਘਣਾਂ ਦੀਆਂ ਅੱਖਾਂ ਨੀਵੀਆਂ ਹੋ ਜਾਣੀਆਂ ਸਨ। ਜਦੋਂ ਆਮ ਲੋਕਾਂ ਨੂੰ ਇਹ ਪੱਤਾ ਲਗਦਾ ਕਿ “ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ, ਹੋਤੀ ਸੁੰਨਤ ਸਬ ਕੀ”

ਅਸਾ ਨੂੰ ਕਿਸ਼ਚਨ ਭਾਈ ਚਾਰੇ ਤੋਂ ਕੁਝ ਸਿਖਣਾਂ ਚਾਹਿਦਾ ਹੈ। ਓਹਲੋਕ ਕਿਸ਼ਚਨੈਲਟੀ ਦੇ ਪ੍ਰਚਾਰ ਲਈ ਦੁਨੀਆਂ ਦੀਆਂ ਸਾਰੀਆਂ ਬੋਲੀਆਂ ਵਿਚ ਅਪਣੀ ਮੁਫਤ ਧਾਰਮਿਕ ਸਾਹਿਤ ਵੰਡਦੇ ਹਨ। ਪਰ ਅਸੀ ਇਸ ਵਿਸ਼ੇ ’ਚ ਸੋਚ ਦੇ ਵੀ ਨਹੀਂ?

# ਸਮਾਪਤ


ਅਨੁਵਾਦ ਕਰੱਤਾ

ਬੀਬੀ ਸਤਬੀਰ ਕੌਰ ਫੋਨ: 09815376888

ਲੇਖਕ

ਜਸਬੀਰ ਸਿੰਘ ਫੋਨ : 099881-60484



**Type Setting : Radheshyam Choudhary**

**Mob.: 098149-66882**

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in

E-mail : info@sikhworld.info
&
jasbirsikhworldinfo@gmail.com

ਉਪਰੋਕਤ ਵੈਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ੂਰਰ ਦੇਖੋ ਅਤੇ ਪੜੋ ਜੀ।

## इस वैब साईट की विशेषता

ਇਸ ਵਿਚ ਹੈ ਇਕ ਵਿਸਾਲ ਸਿੱਖ ਸੰਗ੍ਰਹਾਲਯ (Museum)
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਬੰਧਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਰਿਸਾਉਂਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁੱਟਨੋਟ) ਜੋ ਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਦਿਆਂ ਹਨ।

ਨੋਟ :- ਇਹ ਕੰਮ ਬੱਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਂਕਿ ਉਹ ਸਹਿਜੇ ਹੀ ਅਪਣਾਂ ਇਤਿਹਾਸ ਜਾਣ ਸਕਣ। ਮੈਂਨੂੰ ਉਮੀਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧੀ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧੀ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।
ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨ੍ਹੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪਣੀਆਂ ਪੜ੍ਹ ਸਕੋਗੇ।
ਕ੍ਰਿਪਾ ਕਰਕੇ ਆਪ ਜੀ ਸਿੱਖ ਮਿਊਜ਼ਿਮ ਤੇ ਜ਼ਰੂਰੀ ਕਲਿਕ ਕਰੋਜੀ।

नोट :-
1. ਜੇਕਰ ਕੋਈ ਇਸ ਨੂੰ ਦੁਬਾਰਾ ਪ੍ਰਕਾਸ਼ਿਤ ਕਰਵਾਣਾਂ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बांट सकते हैं।

**Download Free**